# ਜਦੋਂ ਵਾਸ਼ਿੰਗਟਨ ਪੂਰੀ ਤਰ੍ਹਾਂ ਮੁੜ ਖੁੱਲ੍ਹਦਾ ਹੈ ਤਾਂ ਕਿੰਗ ਕਾਉਂਟੀ ਵਿੱਚ ਕੀ ਉਮੀਦ ਕਰਨੀ ਚਾਹੀਦੀ ਹੈ

## ਤੁਹਾਡੇ ਲਈ

ਜਦੋਂ ਵਾਸ਼ਿੰਗਟਨ ਮੁੜ ਖੁੱਲ੍ਹੇਗਾ, ਤਾਂ ਜ਼ਿਆਦਾਤਰ ਕੋਵਿਡ-19 ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ। ਰੈਸਟੋਰੈਂਟਾਂ, ਸਟੋਰਾਂ, ਦਫਤਰਾਂ, ਥੀਏਟਰਾਂ ਅਤੇ ਮਿਊਜ਼ੀਅਮ ਸਮੇਤ ਬਹੁਤੇ ਕਾਰੋਬਾਰ ਅਤੇ ਜਨਤਕ ਥਾਵਾਂ ਬਿਨਾਂ ਕਿਸੇ ਸਰੀਰਕ ਦੂਰੀ ਦੀਆਂ ਜ਼ਰੂਰਤਾਂ ਦੇ ਪੂਰੀ ਸਮਰੱਥਾ ਤੇ ਵਾਪਸ ਆ ਸਕਦੀਆਂ ਹਨ.

<u>ਜਿੱਥੇ ਤੁਹਾਨੂੰ ਮਾਸਕ ਪਹਿਨਣ ਅਤੇ ਸਰੀਰਕ ਦੂਰੀ ਬਣਾਈ ਰੱਖਣ ਦੀ ਲੋੜ ਹੈ:</u>

| ਜਗ੍ਹਾ | ਪੂਰੀ ਤਰ੍ਹਾਂ ਟੀਕਾਕਰਨ (ਵੈਕਸੀਨ ਲੜੀ ਪੂਰੀ ਕਰਨ ਦੇ ਦੋ ਹਫਤੇ ਬਾਅਦ) | ਅੰਸ਼ਕ ਤੌਰ 'ਤੇ ਟੀਕਾਕਰਨ ਜਾਂ ਟੀਕੇ ਨਹੀਂ ਲਗਾਏ ਗਏ |
|---|---|---|
| ***ਭੀੜ-ਭੜੱਕੇ ਵਾਲਿਆਂ*** **ਜਨਤਕ** ***ਬਾਹਰੀਲਾਂ ਥਾਵਾਂ*** (ਬਾਹਰਲੇ ਸਮਾਗਮ, ਰੁਝੇਵਿਆਂ ਗਲੀਆਂ ਜਾਂ ਜਾਂ ਰਸਤੇ | | ✓ (ਜਦੋਂ ਛੇ ਫੁੱਟ ਦੀ ਦੂਰੀ ਬਣਾਈ ਨਹੀਂ ਰੱਖੀ ਜਾ ਸਕਦੀ) |
| ***ਅੰਦਰੂਨੀ*** ਜਨਤਕ ਸਥਾਨ, ਆਮ ਤੌਰ 'ਤੇ | | ✓ |
| ***ਅੰਦਰੂਨੀ*** *ਜਨਤਕ ਸਥਾਨ ਜਿੱਥੇ ਕਾਰੋਬਾਰੀ ਮਾਲਕ ਬੇਨਤੀ ਕਰਦੇ ਹਨ ਜਾਂ ਹਰ ਕਿਸੇ ਵਾਸਤੇ ਮਾਸਕ ਦੀ ਲੋੜ ਹੁੰਦੀ ਹੈ* | ✓ | ✓ |
| ਹਸਪਤਾਲ, ਲੰਬੀ-ਅਵਧੀ ਦੇਖਭਾਲ, ਡਾਕਟਰ ਦੇ ਦਫਤਰ, ਸੁਧਾਰ ਦੀਆਂ ਸਹੂਲਤਾਂ, ਬੇਘਰੇ ਆਸਰਾ, ਸਕੂਲ, ਜਾਂ ਜਨਤਕ ਆਵਾਜਾਈ | ✓ | ✓ |

ਪੂਰੀ ਤਰ੍ਹਾਂ ਟੀਕੇ ਲਗਾਏ ਗਏ ਲੋਕ ਆਪਣੀ ਮਰਜੀ ਨਾਲ ਮਾਸਕ ਪਹਿਨਣਾ ਜਾਰੀ ਰੱਖ ਸਕਦੇ ਹਨ , ਖਾਸ ਕਰਕੇ ਉਹਨਾਂ ਲੋਕਾਂ ਦੇ ਆਲੇ-ਦੁਆਲੇ ਜਿੰਨ੍ਹਾਂ ਨੂੰ ਟੀਕੇ ਨਹੀਂ ਲਗੇ, ਜਿਹਨਾ ਨੂੰ ਕੋਈ ਬਿਮਾਰੀ ਹੈ, ਜਾਂ ਉਹ ਬੱਚੇ ਜੋ ਅਜੇ ਤੱਕ ਟੀਕਾਕਰਨ ਵਾਸਤੇ ਯੋਗ ਨਹੀਂ ਹਨ। ਅਜੇ ਤੱਕ ਹਰਕਿਸੇ ਨੂੰ ਟੀਕਾ ਨਹੀਂ ਲਗਾਇਆ ਗਿਆ ਹੈ, ਜਿਸ ਵਿੱਚ 300,000 ਤੋਂ ਵੱਧ ਬੱਚੇ ਵੀ ਸ਼ਾਮਲ ਹਨ, ਇਸ ਲਈ ਹਰ ਕਿਸੇ ਨੂੰ ਰਾਜ ਦੇ ਮਾਸਕਿੰਗ ਦਿਸ਼ਾ-ਨਿਰਦੇਸ਼ਾਂ ਦੇ ਨਾਲ-ਨਾਲ CDC ਯਾਤਰਾ ਸੇਧਾਂ ਦੀ ਪਾਲਣਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

**ਕੋਵਿਡ-19 ਅਜੇ ਵੀ ਸਾਡੇ ਭਾਈਚਾਰਿਆਂ ਵਿੱਚ ਮੌਜੂਦ ਹੈ।** ਸਭ ਤੋਂ ਵਧੀਆ ਸੁਰੱਖਿਆ, **ਕੋਵਿਡ-19** ਵੈਕਸੀਨ ਪ੍ਰਾਪਤ ਕਰਨਾ ਹੈ। ਇਹ ਮੁਫ਼ਤ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੈ। ਭਾਈਚਾਰਕ ਟੀਕਾਕਰਨ ਸਾਈਟਾਂ ਵਾਸਤੇ ਸਾਡੀ ਵੈੱਬਸਾਈਟ 'ਤੇ ਜਾਓ ( ਅਕਸਰ ਅੱਪਡੇਟ ਕੀਤਾ ਜਾਂਦਾ ਹੈ)।www.kingcounty.gov/vaccine.



Public Health
Seattle & King County

## ਕਾਰੋਬਾਰਾਂ ਅਤੇ ਸੰਸਥਾਵਾਂ ਵਾਸਤੇ

ਸਾਰੇ ਕਾਰੋਬਾਰ ਅਤੇ ਸੰਸਥਾਵਾਂ ਸੁਰੱਖਿਅਤ ਮੁੜ-ਖੁੱਲ੍ਹਣ ਦਾ ਸਮਰਥਨ ਕਰ ਸਕਦੇ ਹਨ। ਆਪਣੇ ਕਰਮਚਾਰੀਆਂ ਅਤੇ ਗਾਹਕਾਂ ਦੀ ਸੁਰੱਖਿਆ ਵਾਸਤੇ ਵਾਸ਼ਿੰਗਟਨ ਰਾਜ ਦੀ ਸੇਧ ਦੀ ਪਾਲਣਾ ਕਰੋ, ਜਿਸ ਵਿੱਚ *ਅੰਦਰੂਨੀ ਹਵਾ ਹਵਾਦਾਰੀ*, *ਟੀਕਾਕਰਨ ਦੀਆਂ ਕੋਸ਼ਿਸ਼ਾਂ*, ਅਤੇ *ਮਾਸਕ ਸੇਧਾਂ* ਹਨ। ਕਾਰੋਬਾਰ ਅਤੇ ਹੋਰ ਸੰਸਥਾਵਾਂ ਗਾਹਕਾਂ ਅਤੇ ਕਰਮਚਾਰੀਆਂ ਨੂੰ ਮਾਸਕ ਪਹਿਨਣ ਦੀ ਜ਼ਰੂਰਤ ਦਾ ਅਧਿਕਾਰ ਬਰਕਰਾਰ ਰੱਖਦੀਆਂ ਹਨ.

ਪੂਰੀ ਤਰ੍ਹਾਂ ਟੀਕੇ ਲਗੇ ਕਰਮਚਾਰੀਆਂ ਨੂੰ ਕੰਮ ਤੇ ਕੋਈ ਮਾਸਕ ਪਾਉਣ ਦੀ ਯਾ ਸਰੀਰਕ ਦੂਰੀ ਦੀ ਲੋੜ ਨਹੀਂ. ਜੇ ਕਰ ਉਹਨਾਂ ਦੇ ਰੁਜ਼ਗਾਰ ਦਾਤਾ ਇਸ ਦੀ ਮੰਗ ਨਹੀਂ ਕਰਦਾ. ਪਰ, ਵਾਸ਼ਿੰਗਟਨ ਲੇਬਰ ਐਂਡ ਇੰਡਸਟਰੀਜ਼ ਰੁਜ਼ਗਾਰ ਦਾਤਾਵਾਂ ਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੈ ਕਿ ਕਰਮਚਾਰੀਆਂ ਨੂੰ ਪੂਰੀ ਤਰ੍ਹਾਂ ਟੀਕਾ ਲੱਗਾ ਹੈ.

## ਵੱਡੇ ਸਮਾਗਮਾਂ ਵਾਸਤੇ (10,000+ ਭਾਗੀਦਾਰ)

ਵੈਕਸੀਨ ਤਸਦੀਕ ਅਤੇ ਨਕਾਰਾਤਮਕ ਟੈਸਟਿੰਗ ਦੀ ਸਿਫਾਰਸ਼ ਕੀਤੀ ਜਾਂਦੀ ਹੈ ਪਰ ਵੱਡੇ **ਅੰਦਰੂਨੀ ਅਤੇ ਬਾਹਰੀ** ਸਮਾਗਮਾਂ ਵਾਸਤੇ ਜਿਵੇਂ ਕਿ ਸੰਗੀਤ ਸਮਾਰੋਹ, ਕਨਵੈਨਸ਼ਨਾਂ, ਅਤੇ ਖੇਡ ਸਮਾਗਮ, ਲਈ ਲੋੜੀਂਦੀ ਨਹੀਂ ਹ. ਬਾਹਰੀ ਸਮਾਗਮਾਂ ਲਈ ਕੋਈ ਸਮਰੱਥਾ ਸੀਮਾਵਾਂ ਜਾਂ ਸਰੀਰਕ ਦੂਰੀ ਦੀਆਂ ਲੋੜਾਂ ਨਹੀਂ ਹਨ।

ਵੱਡੇ **ਇਨਡੋਰ** ਈਵੈਂਟ 75% ਸਮਰੱਥਾ ਤੱਕ ਚੱਲਣਗੇ. ਜੇ ਕਿਸੇ ਸਮਾਗਮ ਵਾਸਤੇ ਸਾਰੇ ਹਾਜ਼ਰ ਭਾਗੀਦਾਰਾਂ ਦੁਆਰਾ ਟੀਕਾਕਰਨ ਦੇ ਸਬੂਤ ਦੀ ਲੋੜ ਕੀਤੀ ਜਾਦੀ ਹੈ, ਤਾਂ ਉਹ ਪੂਰੀ ਸਮਰੱਥਾ 'ਤੇ ਗਤੀਵਿਧੀਆਂ ਮੁੜ ਪੂਰੀ ਸਮਰੱਥਾ ਦੇ ਅਤੇ ਬਿਣਾ ਸਰੀਰਕ ਦੂਰੀ ਦੇ ਸ਼ੁਰੂ ਕਰ ਸਕਦੇ ਹਨ. ਹਾਜ਼ਰੀਨ ਨੂੰ ਲਾਜ਼ਮੀ ਤੌਰ 'ਤੇ ਵਰਤਮਾਨ ਮਾਸਕਿੰਗ ਲੋੜਾਂ ਦੀ ਪਾਲਣਾ ਕਰਨੀ ਚਾਹੀਦੀ ਹੈ.

## ਅੱਗੇ ਕੀ ਹੋਵੇਗਾ ?

ਕਿੰਗ ਕਾਉਂਟੀ ਅਤੇ ਵਾਸ਼ਿੰਗਟਨ ਰਾਜ ਕੋਵਿਡ -19 ਟੀਕਾਕਰਨ ਅਤੇ ਲਾਗ ਦੀਆਂ ਦਰਾਂ ਦੀ ਨਿਗਰਾਨੀ ਕਰਨ ਦੇ ਨਾਲ ਨਾਲ ਦਿਸ਼ਾ-ਨਿਰਦੇਸ਼ਾਂ ਅਤੇ ਪਾਬੰਦੀਆਂ ਦੀ ਸਮੀਖਿਆ ਅਤੇ ਮੁੜ ਵਿਚਾਰ ਕਰੇਗੀ। ਜੇ ਕੇਸ ਮਹੱਤਵਪੂਰਨ ਤੌਰ 'ਤੇ ਵਧਦੇ ਹਨ ਅਤੇ ਜਨਤਕ ਸਿਹਤ ਚਿੰਤਾ ਪੈਦਾ ਕਰਦੇ ਹਨ, ਤਾਂ ਯੋਜਨਾਵਾਂ ਨੂੰ ਮੁੜ ਖੋਲ੍ਹਣ ਨੂੰ ਲੋੜ ਵਜੋਂ ਅੱਪਡੇਟ ਕੀਤਾ ਜਾ ਸਕਦਾ ਹੈ.



Public Health
Seattle & King County